9

# ਛੇ ਘੰਟੇ, 1

## ਮੱਤੀ 27:33-44; ਮਰਕੁਸ 15:22-32; ਲੂਕਾ 23:33-43; ਯੂਹੰਨਾ 19:17-27

*''ਅਤੇ ਜਾਂ ਉਸ ਥਾਂ ਪਹੁੰਚੇ ਜੋ ਕਲਵਰੀ ਕਹਾਉਂਦਾ ਹੈ ਤਾਂ ਉਹ ਨੂੰ ਉੱਥੇ ਸਲੀਬ ਤੇ ਚੜ੍ਹਾਇਆ ਅਤੇ ਉਨ੍ਹਾਂ ਬੁਰਿਆਰਾਂ ਨੂੰ ਵੀ ਇਕ ਸੱਜੇ ਅਤੇ ਦੂਆ ਖੱਬੇ'' (ਲੂਕਾ 23:33)।*

*ਛੇ ਘੰਟੇ!* ਮੁਕਤੀ ... ਜ਼ਿੰਦਗੀ .. ਆਸ ... ਸੁਰਗ! ਯਿਸੂ ਛੇ ਘੰਟੇ ਤਕ ਸਲੀਬ ਤੇ ਰਿਹਾ (ਮਰਕੁਸ 15:25-37) ਤੀਜੇ ਪਹਿਰ (ਸੰਝ ਤਕ) ਸਵੇਰੇ 9 ਵਜੇ ਤੋਂ ਸ਼ਾਮ 3 ਵਜੇ ਨੂੰ ਕਿਹਾ ਗਿਆ ਹੈ। ਇਨ੍ਹਾਂ ਛੇ ਘੰਟਿਆ ਨੂੰ ਬਰਾਬਰ ਵੰਡਿਆ ਜਾ ਸਕਦਾ ਹੈ। ਖ਼ੁਦਾ ਨੇ ਇਨ੍ਹਾਂ ਨੂੰ ਵੰਡਿਆ, ਖ਼ੁਦਾ ਨੇ ਦੁਪਿਹਰ ਤੋਂ ਤੀਜੇ ਪਹਿਰ ਤਕ ਹਨ੍ਹੇਰਾ ਕਰ ਦਿੱਤਾ (ਮੱਤੀ 27:45; ਮਰਕੁਸ 15:33; ਲੂਕਾ 23:44)। ਯਿਸੂ ਦੀ ਮੌਤ ਤੀਜੇ ਪਹਿਰ ਹੋਈ।

ਯਿਸੂ ਦੀ ਮੌਤ ਇਤਿਹਾਸ ਦੀ ਸਭ ਤੋਂ ਪ੍ਰਸਿੱਧ ਮੌਤ ਹੈ। ਇਹੀ ਸਭ ਕੁਝ ਹੈ ਜੋ ਮਸੀਹੀਅਤ ਕੋਲ ਹੈ, ਜੋ ਮਸੀਹੀਅਤ ਚਾਹੁੰਦੀ ਹੈ, ਜਿਸ ਦੀ ਇਹਨੂੰ ਲੋੜ ਹੈ। ਪੌਲੁਸ ਨੇ ਲਿਖਿਆ, ''ਕਿਉਂ ਜੋ ਮੈਂ ਇਹ ਠਾਣ ਲਿਆ ਭਈ ਯਿਸੂ ਮਸੀਹ ਸਗੋਂ ਸਲੀਬ ਦਿੱਤੇ ਹੋਏ ਮਸੀਹ ਤੋਂ ਬਿਨਾਂ ਤੁਹਾਡੇ ਵਿਚ ਕਿਸੇ ਹੋਰ ਗੱਲ ਨੂੰ ਨਾ ਜਾਣਾਂ'' (1 ਕੁਰਿੰਥੀਆਂ 2:2)। ਪੌਲੁਸ ਨੂੰ ਜੋ ਕੁਝ ਪਤਾ ਸੀ ਅਤੇ ਜਿੰਨਾਂ ਕੁ ਉਹਨੇ ਪ੍ਰਚਾਰ ਕੀਤਾ, ਇਹ ਉਸ ਦਾ ਸਾਰ ਹੈ (1 ਕਰਿੰਥੀਆਂ 1:17-25)।

### ਵੇਰਵੇ ਦੱਸੇ ਨਹੀਂ ਗਏ

ਸਾਨੂੰ ਬਹੁਤ ਘੱਟ ਪਤਾ ਹੈ! ਵੇਰਵੇ ਬਹੁਤ ਘੱਟ ਹਨ। ਸਲੀਬ ਦਿੱਤੇ ਜਾਣ ਦਾ ਇਕੱਲਾ ਗਵਾਹ ਯੂਹੰਨਾ ਹੀ ਹੈ। ਇਤਿਹਾਸਕਾਰ ਲੂਕਾ ਨੇ ਸਲੀਬ ਨੂੰ ਇੱਕੋ ਆਇਤ ਵਿਚ ਸਮੇਟ ਦਿੱਤਾ ਹੈ: ''ਉਹਨੂੰ ਉੱਥੇ ਸਲੀਬ ਤੇ ਚੜ੍ਹਾਇਆ'' (ਲੂਕਾ 23:33)। ਸਾਨੂੰ ਉਹਦੇ ਸਲੀਬ ਦਿੱਤੇ ਜਾਣ ਨਾਲੋਂ ਉਹਦੇ ਦਫ਼ਨਾਏ ਜਾਣ ਬਾਰੇ ਵਧੇਰੇ ਜਾਣਕਾਰੀ ਹੈ। ਸਾਡੇ ਕੋਲ ਜਵਾਬਾਂ ਨਾਲੋਂ ਸਵਾਲ ਬਹੁਤੇ ਹਨ।

ਸਾਨੂੰ ਸਲੀਬ ਦੇ ਅਕਾਰ ਦਾ ਪਤਾ ਨਹੀਂ ਹੈ ਕਿ ਸਲੀਬ ਕਿਹੋ ਜਿਹੀ ਸੀ। ''X'' ਦੇ ਅਕਾਰ ਦੀ ਸਲੀਬ ਦਾ ਤਾਂ ਸਵਾਲ ਹੀ ਨਹੀਂ ਹੈ । ਟਾਊ ਸਲੀਬ ਵੀ ਹੁੰਦੀ ਹੈ ਜੋ ਅੰਗ੍ਰੇਜ਼ੀ ਦੇ ਵੱਡੇ ਅੱਖਰ ''T'' ਵਰਗੀ ਹੁੰਦੀ ਹੈ। ਪਿਲਾਤੁਸ ਨੇ ਯਿਸੂ ਦੇ ਸਿਰ ਦੇ ਉਪੱਰ ਤਖ਼ਤੀ ਲਾਈ

ਸੀ, ਜਿਹਦਾ ਮਤਲਬ ਇਹ ਹੋਇਆ ਕਿ ਇਹ ਸਲੀਬ ਨਹੀ ਹੋ ਸਕਦੀ। ਜਮ੍ਹਾ ਦੇ ਨਿਸ਼ਾਨ ਵਰਗੀ ਲਾਤੀਨੀ ਸਲੀਬ ਵਰਤੀ ਗਈ ਹੋ ਸਕਦੀ ਹੈ। ਇਹ ਉਹੀ ਸਲੀਬ ਹੈ ਜੋ ਦੁਨੀਆ ਭਰ ਵਿਚ ਮੰਨੀ ਜਾਂਦੀ ਹੈ ਅਤੇ ਕਲਾ, ਜ਼ੇਵਰਾਤ, ਅਤੇ ਭਵਨਾਂ ਤੇ ਮਿਲਦੀ ਹੈ। ਕਥਾ-ਕਹਾਣੀਆਂ ਵਿਚ ਜਮ੍ਹਾ ਦੇ ਨਿਸ਼ਾਨ ਨੂੰ ''ਸਲੀਬ ਦਾ ਨਿਸ਼ਾਨ'' ਆਖਿਆ ਜਾਂਦਾ ਹੈ।

ਪਿਲਾਤੁਸ ਨੇ ਇਕ ਤਖ਼ਤੀ ਲਿਖਵਾ ਕੇ ਸਲੀਬ ਉੱਤੇ ਯਿਸੂ ਦੇ ਸਿਰ ਉੱਪਰ ਲਗਾ ਦਿੱਤੀ (ਮੱਤੀ 27:37; ਮਰਕੁਸ15:26; ਲੂਕਾ 23:38; ਯੂਹੰਨਾਂ 19:19) ਇਹ ਵੇਰਵਾ ਫ਼ਰਕ ਹੈ, ਪਰ ਸਭ ਵਿਚ ਇੱਕੋ ਹੀ ਗੱਲ ਹੈ। ਲੇਖਕਾਂ ਦੀ ਦਿਲਚਸਪੀ ਸ਼ਬਦਾਂ ਦੀ ਚੋਣ ਵਿਚ ਨਹੀਂ, ਬਲਕਿ ਇਸ ਗੱਲ ਵਿਚ ਸੀ ਕਿ ਉਨ੍ਹਾਂ ਰਾਹੀਂ ਦਿੱਤਾ ਜਾਣ ਵਾਲਾ ਸੰਦੇਸ਼ ਕੀ ਹੈ।

ਯਿਸੂ ਨੂੰ ਸਲੀਬ ਤੇ ਕਿਵੇਂ ਟੰਗਿਆ ਗਿਆ? ਸਾਨੂੰ ਨਹੀਂ ਪਤਾ। ਐਨਾ ਤਾਂ ਹੈ ਕਿ ਉਹ ਹਫ਼ਤੇ ਦੇ ਪਹਿਲੇ ਦਿਨ ਯਾਨੀ ਐਤਵਾਰ, ਜੀ ਉੱਠਿਆ ਸੀ (ਮੱਤੀ 28:1-7; ਮਰਕੁਸ 16:2-9; ਲੂਕਾ 24:1-7; ਯੂਹੰਨਾ 20:1-10)। ਇਸਤੇ ਕੋਈ ਬਹਿਸ ਨਹੀਂ ਹੈ। ਮੁੱਢਲੀ ਕਲੀਸੀਆ ਹਫ਼ਤੇ ਦੇ ਇਸੇ ਦਿਨ ਇਕੱਠੀ ਹੁੰਦੀ ਸੀ (ਰਸੂਲਾਂ ਦੇ ਕੰਮ 20:7; 1 ਕੁਰਿੰਥੀਆਂ 16:2)।

*ਪਰ ਸਲੀਬ ਚੜ੍ਹਾਏ ਜਾਣ ਦਾ ਦਿਨ ਨਹੀਂ ਦੱਸਿਆ ਗਿਆ ਹੈ।* ਉਸ ਦਿਨ ਦੀ ਖੋਜ ਲਈ, ਸਾਨੂੰ ਉਲਟੀ ਗਿਣਤੀ ਕਰਨੀ ਪਵੇਗੀ। ਇੰਜੀਲ ਦੀਆਂ ਕਿਤਾਬਾਂ ਵਿਚ ਦਸ ਵਾਰ ਯਿਸੂ ਦਾ ਜੀ ਉੱਠਣਾ, ''ਤੀਜੇ ਦਿਨ'' ਦੱਸਿਆ ਗਿਆ ਹੈ। ਸਮੇਂ ਤੇ ਬਹਿਸ ਹੁੰਦੀ ਹੈ, ਪਰ ਬਾਈਬਲ ਦੱਸਦੀ ਹੈ ਕਿ ਸਲੀਬ ਚੜ੍ਹਾਏ ਜਾਣ ਦਾ ਦਿਨ ਤਿਆਰੀ ਦਾ ਦਿਨ, ਭਾਵ ਸੱਬਤ ਤੋਂ, ਪਹਿਲਾਂ ਦਾ ਦਿਨ ਸੀ (ਮਰਕੁਸ 15:42; ਲੁਕਾ 23:50-56; ਯੂਹੰਨਾ 19:31)।

ਸਾਨੂੰ ਪਤਾ ਹੈ ਕਿ ਯਿਸੂ ਸਲੀਬ ਤੇ ਕਿੰਨੀ ਦੇਰ ਰਿਹਾ, ਛੇ ਘੰਟੇ। ਇਹ ਘੰਟੇ ਸਮੇਂ ਦੇ ਵਿਚਕਾਰ ਫਾਨਾ ਜਾਂ ਪੱਚਰ ਹਨ।

## ਪਹਿਲੇ ਤਿੰਨ ਘੰਟੇ

ਓਸੇ ਵੇਲੇ, ਯਿਸੂ ਨੂੰ ਪਿੱਤ ਮਿਲਿਆ ਸਿਰਕਾ ਦਿੱਤਾ ਗਿਆ (ਮੱਤੀ 27:34; KJV)। ਹੈਰਾਨੀ ਦੀ ਗੱਲ ਹੈ। ਉਹਨੇ ਲੈਣ ਤੋਂ ਵੀ ਨਾਂਹ ਕਰ ਦਿੱਤੀ। ਯਿਸੂ ਨੇ ਪੀੜ ਘਟਾਉਣ ਵਾਲੀ ਦਵਾਈ ਲੈਣ ਤੋਂ ਨਾਂਹ ਕਰ ਦਿੱਤੀ। ਉਹਨੇ ਸੁੰਨ ਕਰਨ ਵਾਲੀ ਦਵਾਈ ਨਹੀਂ ਚਾਹੀ। ਉਹ ਸਲੀਬ 'ਤੇ ਪੂਰੀ ਹੋਸ਼ ਵਿਚ ਰਹਿਣਾ ਚਾਹੁੰਦਾ ਸੀ। ਉਹਨੇ ਆਪਣੀਆਂ ਕਾਰਜ ਸ਼ਕਤੀਆਂ ਦੀ ਕੀਮਤ ਤੇ ਤਕਲੀਫ਼ ਨੂੰ ਸੁੰਨ ਨਹੀਂ ਕਰਨਾ ਸੀ। ਪੀੜ ਅਤੇ ਸੰਤਾਪ ਸਲੀਬ 'ਤੇ ਵੱਡੀ ਗੱਲ ਨਹੀਂ ਸੀ। ਸਲੀਬ 'ਤੇ ਚੜ੍ਹਿਆ ਸਿਰਫ਼ ਯਿਸੂ ਹੀ ਜਾਣਦਾ ਸੀ ਕਿ ਕੀ ਬੀਤ ਰਹੀ ਹੈ।

ਅਜੇ ਉਹ ਸਲੀਬ 'ਤੇ ਚੜ੍ਹਿਆ ਹੀ ਸੀ ਕਿ ਲੋਕ ਉਹਨੂੰ ਹੇਠਾਂ ਉਤਰਨ ਦੀ ਰਟ ਲਾਉਣ ਲਗ ਪਏ (ਮੱਤੀ 27:39-43; ਮਰਕੁਸ 15:29-32; ਲੂਕਾ 23:35-37)। ਡਾਕੂ ਵੀ ਉਨ੍ਹਾਂ ਨਾਲ਼ ਰਲ ਗਏ (ਮੱਤੀ 27:44; ਮਰਕੁਸ 15:32; ਲੂਕਾ 23:39)। ਕਿੰਨੀ ਬੇਵਕੂਫ਼ੀ ਭਰੀ ਹਰਕਤ ਸੀ! ਇਸ ਤੋਂ ਬੇਵਿਸ਼ਵਾਸੇ ਹੋਣ ਜਾਂ ਵਿਸ਼ਵਾਸ ਨਾ ਕਰਨ ਦੀ ਦੁਸ਼ਟਤਾ ਦਾ ਪਤਾ ਲਗਦਾ ਹੈ। ਇਨਸਾਨ ਖ਼ੁਦਾ ਨੂੰ ਇਹ ਦੱਸਣ ਦੀ ਹਿੰਮਤ ਕਿਵੇਂ ਕਰ ਲੈਂਦਾ ਹੈ ਕਿ ਉਹ ਕਿਨ੍ਹਾਂ ਸ਼ਰਤਾਂ 'ਤੇ ਉਸ 'ਤੇ ਵਿਸ਼ਵਾਸ ਕਰੇਗਾ! ਜੇ ਯਿਸੂ ਸਲੀਬ ਤੋਂ ਹੇਠਾਂ ਉਤਰ ਆਉਂਦਾ, ਤਾਂ ਪਾਪੀਆਂ ਨੇ ਬਿਨਾਂ ਆਸ ਦੇ ਮਾਰਿਆ ਜਾਣਾ ਸੀ। ਯਿਸੂ ਪੈਦਾ ਹੀ ਮਰਨ ਲਈ ਹੋਇਆ ਸੀ। ਉਹ ਮਰਿਆ ਤਾਂ ਜੋ ਅਸੀਂ ਜੀਣ ਲਈ ਪੈਦਾ ਹੋ ਸਕੀਏ (ਰੋਮੀਆਂ 5:10)। ਖ਼ੁਦਾ ਜੋ ਧਰਮੀ ਅਤੇ ਪਵਿੱਤਰ ਹੈ,

ਆਪਣੇ ਸੁਭਾਅ ਕਾਰਣ ਪਾਪ ਨੂੰ ਸਜ਼ਾ ਦਿੱਤੇ ਬਿਨਾਂ ਕਿਸੇ ਨੂੰ ਮਾਫ਼ ਨਹੀਂ ਕਰ ਸਕਦਾ। ਕਲਵਰੀ ਤੇ ਯਿਸੂ ਨੇ ਸਾਡੇ ਪਾਪ ਦੀ ਸਜ਼ਾ ਆਪਣੇ ਉੱਤੇ ਲੈ ਲਈ।

ਮਾਫ਼ ਕੀਤੇ ਪਾਪਾਂ ਦੇ ਵੀ ਨਤੀਜੇ ਹਨ। ਸਲੀਬ ਤੋਂ ਆਪਣੇ ਪਹਿਲੇ ਕਲਮੇ (ਵਾਕ) ਵਿਚ ਯਿਸੂ ਨੇ ਖ਼ੁਦਾ ਨੂੰ ਇਹ ਪਾਪ ਆਪਣੇ ਸਤਾਉਣ ਵਾਲਿਆਂ 'ਤੇ ਨਾ ਲਾਉਣ ਲਈ ਕਿਹਾ; ਪਰ ਉਨ੍ਹਾਂ ਦਾ ਪਾਪ ਤਾਂ ਸਭ ਪਾਪਾਂ ਤੋਂ ਵੱਡਾ ਸੀ! ਖ਼ੁਦਾ ਨੇ ਯਰੂਸ਼ਲਮ ਨੂੰ ਬਰਬਾਦ ਕਰ ਦਿੱਤਾ। ਬਾਈਬਲ ਦੇ ਇਤਿਹਾਸ ਵਿਚ ਇਸਰਾਏਲ ਦੀ ਹੋਂਦ ਦੀ ਇੱਕੋ ਹੀ ਵਜ੍ਹਾ ਸੀ, ਮਸੀਹ ਦਾ ਆਉਣਾ। ਯਿਸੂ ਮਸੀਹ ਬਾਰੇ ਹੋਈਆਂ ਸਭ ਨਬੂਵਤਾਂ ਨੂੰ ਪੂਰਾ ਕਰਦਾ ਹੋਇਆ ਆਇਆ। ਯਹੂਦੀਆਂ ਨੇ ਉਹਨੂੰ ਸਲੀਬ ਚੜ੍ਹਾ ਦਿੱਤਾ! ਅਫ਼ਸੋਸ ਕਿ ਇਸ ਨੇ ਉਨ੍ਹਾਂ ਨੂੰ ''ਮਸੀਹ ਦੇ ਕੰਮ'' 'ਚੋਂ ਬਾਹਰ ਕੱਢ ਦਿੱਤਾ। ਉਨ੍ਹਾਂ ਨੇ ਕੈਸਰ ਨੂੰ ਰਾਜਾ ਮੰਨ ਕੇ ਖ਼ੁਦਾ ਨੂੰ ਆਪਣਾ ਰਾਜਾ ਮੰਨਣੋਂ ਇਨਕਾਰ ਕਰ ਦਿੱਤਾ (ਯੂਹੰਨਾ 19:14, 15)। ਯਿਸੂ ਦਾ ਲਹੂ ਆਪਣੇ 'ਤੇ ਪਾ ਕੇ ਅਤੇ ਆਪਣੇ ਪਾਪ ਨੂੰ ਆਪਣੀ ਔਲਾਦ 'ਤੇ ਪਾ ਕੇ ਉਹ ਹੋਰ ਵੀ ਗਿਰ ਗਏ (ਮੱਤੀ 27:25)।

ਜਦ ਯਿਸੂ ਨੇ ਦੁਬਾਰਾ ਗੱਲ ਕੀਤੀ ਤਾਂ ਉਹਨੇ ਆਪਣੇ ਨਾਲ ਸਲੀਬ ਚੜ੍ਹੇ ਡਾਕੂ ਨੂੰ ਆਖਿਆ। ਸਾਰੀ ਮਨੁੱਖ ਜਾਤੀ ਦੇ ਪਾਪਾਂ ਲਈ ਮਰਨ ਵੇਲੇ ਯਿਸੂ ਲਈ ਇਕ ਪਾਪੀ ਨੂੰ ਮਾਫ਼ ਕਰਨਾ ਸਿਰਫ਼ ਢੁਕਵਾਂ ਸੀ। ਲੂਕਾ 23:39-43 ਵਿਚ ਹੋਈ ਗੱਲਬਾਤ ਦਾ ਅਧਿਐਨ ਕਰੋ। ਡਾਕੂ ਨੂੰ ਮਰਦੇ-ਮਰਦੇ ਸੱਚਾ ਧਰਮ ਲੱਭ ਗਿਆ। ਹੈਰਾਨੀ ਦੀ ਗੱਲ ਹੈ! ਸਲੀਬ ਕੋਲ ਆਓ ਅਤੇ ਸਲੀਬ ਦੇ ਨੇੜੇ ਖਲੋਤੇ ਰਹੋ। ਸਲੀਬ ਨੇ ਡਾਕੂ ਨੂੰ ਬਚਾ ਲਿਆ; ਸਲੀਬ ਸਾਨੂੰ ਵੀ ਬਚਾ ਸਕਦੀ ਹੈ! ਅਸੀਂ ਆਪਣੇ ਖਿਆਲਾਂ, ਵਿਚਾਰਾਂ, ਫ਼ਿਲਾਸਫ਼ੀਆਂ, ਰਹੱਸਵਾਦਾਂ ਜਾਂ ਅਗਿਆਨਤਾ ਨਾਲ ਨਹੀਂ ਬਚ ਸਕਦੇ ਭਾਵ ਸਾਨੂੰ ਸਿਰਫ਼ ਯਿਸੂ ਹੀ ਬਚਾ ਸਕਦਾ ਹੈ।

ਬੇਹੱਦ ਤਕਲੀਫ ਵਿਚ ਮਰਨ ਦੇ ਬਾਵਜੂਦ ਯਿਸੂ ਨੇ ਆਪਣੀ ਮਾਤਾ ਮਰੀਅਮ ਦੀ ਦੇਖਭਾਲ ਕੀਤੀ। ਉਹਨੇ ਯੂਹੰਨਾ ਨੂੰ ਆਖਿਆ ਕਿ ਉਹ ਉਹਦੀ ਦੇਖਭਾਲ ਆਪਣੀ ਮਾਂ ਸਮਝ ਕੇ ਕਰੇ (ਯੂਹੰਨਾ 19:26, 27)। ਕਈਆਂ ਦਾ ਖ਼ਿਆਲ ਹੈ ਕਿ ਯੂਹੰਨਾ ਉਹਨੂੰ ਬਾਕੀ ਜ਼ਿੰਦਗੀ ਕੱਟਣ ਲਈ ਆਪਣੇ ਘਰ ਲੈ ਗਿਆ। ਰੁਕੋ ਅਤੇ ਸੋਚੋ। ਉਹਦੇ ਦੋ ਬੇਟਿਆਂ (ਯਾਕੂਬ ਅਤੇ ਯਹੂਦਾ) ਨੇ ਬਾਅਦ ਵਿਚ ਨਵੇਂ ਨੇਮ ਦੀਆਂ ਕਿਤਾਬਾਂ ਲਿਖੀਆਂ। ਮਰੀਅਮ ਅਤੇ ਉਹਦੇ ਕੁਝ ਪੁੱਤਰ ਯਿਸੂ ਦੇ ਜੀ ਉੱਠਣ ਦੇ ਥੋੜ੍ਹੀ ਦੇਰ ਬਾਅਦ ਚੁਬਾਰੇ ਵਾਲੇ ਕਮਰੇ ਵਿਚ ਬੰਦਗੀ ਵਿਚ ਬੈਠੇ ਸਨ (ਰਸੂਲਾਂ ਦੇ ਕੰਮ 1:13, 14)। ਇਹ ਸਾਫ਼ ਹੈ ਕਿ ਉਨ੍ਹਾਂ ਨੇ ਆਪਣੀ ਮਾਂ ਦੀਆਂ ਜ਼ਰੂਰਤਾਂ ਦਾ ਧਿਆਨ ਰੱਖਿਆ ਹੋਵੇਗਾ। ਮਰੀਅਮ ਨੂੰ *ਸਲੀਬ 'ਤੇ,* ਸਲੀਬ ਦੇ ਕਦਮਾਂ 'ਤੇ ਅਤੇ ਸਲੀਬ ਦੇ ਵਕਤ ਮਦਦ ਦੀ ਲੋੜ ਸੀ! ਇਹ ਉਹਦਾ ਸਭ ਤੋਂ ਔਖਾ ਦਿਨ, ਉਹਦੀ ਸਭ ਤੋਂ ਲੰਮੀ ਰਾਤ ਸੀ। ਯਿਸੂ ਆਖਦਾ ਸੀ, ''ਮੇਰੀ ਮਾਂ ਦੇ ਨਾਲ ਰਹਿ!''

ਗੁਲਗੁਤਾ ਬੜੀ ਭੈੜੀ ਥਾਂ ਹੈ। ਸਲੀਬ ਕਿਸੇ ਸਿਨੇਮਾਘਰ ਵਿਚ ਵਿਖਾਈ ਜਾਣ ਵਾਲੀ ਫ਼ਿਲਮ ਨਾਲੋਂ ਕਿਤੇ ਖੌਫ਼ਨਾਕ ਹੈ। ਖ਼ੁਦਾ ਨੇ ਉਹੀ ਕੀਤਾ ਜੋ ਪਿਆਰ ਨਾਲ ਭਰਪੂਰ ਇਕ ਪਿਤਾ ਕਰ ਸਕਦਾ ਹੈ। ਉਹਨੇ ਪਾਪ ਦੇ ਖ਼ੁਦਾਈ ਨਿਆਂ ਨੂੰ ਸਹਿਣ ਲਈ ਆਪਣੇ ਪੁੱਤਰ ਨੂੰ ਦੇ ਦਿੱਤਾ; ਉਹਨੇ ਆਪਣੇ ਪੁੱਤਰ ਤੋਂ ਆਪਣਾ ਮੂੰਹ ਲੁਕਾ ਲਿਆ।

*ਸਲੀਬ ...*
*ਹੋਰ ਰਾਹ ਹੀ ਨਹੀਂ!*